# ਸੰਵਾਦ ਅੰਕ-25 || ਜਨਵਰੀ-ਜੂਨ 2027 ||

Estd. 1892

**ਸੰਵਾਦ** ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਸਮਰਪਿਤ ਪੀਅਰ ਰਿਵਿਊਡ/ਰੈਫਰੀਡ ਰਿਸਰਚ ਜਰਨਲ ਹੈ। ਇਹ ਜਰਨਲ ਪਿਛਲੇ 12 ਸਾਲਾਂ ਤੋਂ ਪੰਜਾਬ, ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਵੱਖ-ਵੱਖ ਮੁੱਦਿਆਂ ਨੂੰ ਸਥਾਨਕ ਅਤੇ ਵਿਸ਼ਵੀ ਪ੍ਰਸੰਗ ਵਿਚ ਸੰਬੋਧਿਤ ਹੁੰਦਾ ਰਿਹਾ ਹੈ। ਸਾਲ 2027 ਵਿਚ ਅੰਮ੍ਰਿਤਸਰ ਦੀ ਸਥਾਪਨਾ ਦੀ 450ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਇਸੇ ਪ੍ਰਸੰਗ ਵਿਚ **ਸੰਵਾਦ** ਦਾ ਅਗਲਾ ਅੰਕ-25 (ਜਨਵਰੀ-ਜੂਨ 2027) **ਅੰਮ੍ਰਿਤਸਰ ਦੇ 450ਵੇਂ ਸਥਾਪਨਾ ਦਿਵਸ** ਨੂੰ ਸਮਰਪਿਤ ਹੋਵੇਗਾ।

**ਅੰਮ੍ਰਿਤਸਰ ਦੀ ਵਿਰਾਸਤ ਨਾਲ ਸਬੰਧਿਤ ਖੋਜ-ਪੱਤਰਾਂ ਨੂੰ ਹੇਠ ਲਿਖੀਆਂ ਦਿਸ਼ਾਵਾਂ ਵਿਚ ਫੈਲਾਇਆ ਜਾ ਸਕਦਾ ਹੈ:**

- ਗੁਰੂ ਪਰੰਪਰਾ ਅਤੇ ਅੰਮ੍ਰਿਤਸਰ ਦੀ ਸਥਾਪਨਾ
- ਅੰਮ੍ਰਿਤਸਰ: 450 ਸਾਲਾਂ ਦਾ ਗੌਰਵਮਈ ਇਤਿਹਾਸ
- ਅੰਮ੍ਰਿਤਸਰ: ਟਾਊਨ ਪਲੈਨਿੰਗ ਅਤੇ ਆਰਕੀਟੈਕਚਰ
- ਅੰਮ੍ਰਿਤਸਰ ਦੀ ਰੂਹਾਨੀ ਵਿਰਾਸਤ: ਹਰਿਮੰਦਰ ਸਾਹਿਬ
- ਅੰਮ੍ਰਿਤਸਰ: ਸ਼ਬਦ-ਰਾਜਧਾਨੀ
- ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼: ਸ਼ਬਦ ਗੁਰੂ ਦਾ ਸੰਕਲਪ
- ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਅਤੇ ਗੁਰੂ ਪਰੰਪਰਾ
- ਸਿੱਖ ਮਿਸਲਾਂ, ਖਾਲਸਾ ਰਾਜ ਅਤੇ ਅੰਮ੍ਰਿਤਸਰ
- ਸਿੱਖ ਲਹਿਰਾਂ ਅਤੇ ਸਿੱਖ ਸੰਸਥਾਵਾਂ
- ਅੰਮ੍ਰਿਤਸਰ ਦੇ ਚੌਕੀਆਂ, ਝੰਡੇ ਅਤੇ ਬੁੰਗੇ
- ਅੰਮ੍ਰਿਤਸਰ ਦੀ ਵਿਦਿਅਕ ਵਿਰਾਸਤ: ਖ਼ਾਲਸਾ ਕਾਲਜ
- ਸਾਂਝੀਵਾਲਤਾ ਦਾ ਕੇਂਦਰ ਅੰਮ੍ਰਿਤਸਰ
- ਬਸਤੀਵਾਦ ਦੇ ਦੌਰਾਨ ਅੰਮ੍ਰਿਤਸਰ ਅਤੇ ਨਿਬਸਤੀਕਰਨ ਦੇ ਉੱਦਮ
- ਦੇਸ਼ ਵੰਡ ਦਾ ਦੁਖਾਂਤ (1947) ਅਤੇ ਅੰਮ੍ਰਿਤਸਰ
- ਅੰਮ੍ਰਿਤਸਰ: ਵਪਾਰਕ ਕੇਂਦਰ (ਬਾਜ਼ਾਰ, ਮੰਡੀਆਂ)
- ਅੰਮ੍ਰਿਤਸਰ: ਲੋਕ ਕਲਾਵਾਂ ਅਤੇ ਪੰਜਾਬੀ ਸਭਿਆਚਾਰ (ਖਾਣ-ਪੀਣ, ਪਹਿਰਾਵਾ ਤੇ ਰਹਿਣ-ਸਹਿਣ)
- ਅੰਮ੍ਰਿਤਸਰ ਦੀ ਸਾਹਿਤਕ ਵਿਰਾਸਤ
- ਅੰਮ੍ਰਿਤਸਰ: ਸਾਹਿਤਕ ਤੇ ਸਭਿਆਚਾਰਕ ਭਵਿੱਖ ਅਤੇ ਅੰਤਰਰਾਸ਼ਟਰੀ ਪਛਾਣ
- ਅੰਮ੍ਰਿਤਸਰ: ਵਰਤਮਾਨ ਦ੍ਰਿਸ਼ ਅਤੇ ਭਵਿੱਖਮੁਖੀ ਸੰਭਾਵਨਾਵਾਂ




ਵਿਸ਼ਾ ਮਾਹਿਰ ਵਿਦਵਾਨਾਂ ਤੇ ਖੋਜ-ਵਿਦਿਆਰਥੀਆਂ ਨੂੰ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਅਕਾਦਮਿਕ, ਸਾਹਿਤਕ, ਖੋਜ ਤੇ ਸੰਵਾਦ ਦੇ ਇਸ ਮਹੱਤਵਪੂਰਣ ਕਾਰਜ ਵਿਚ ਵਡਮੁੱਲਾ ਯੋਗਦਾਨ ਪਾਉਣ ਲਈ ਆਪਣਾ ਖੋਜ-ਪੱਤਰ 30 ਨਵੰਬਰ 2026 ਤੱਕ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

**ਨੋਟ: ਸੰਵਾਦ** ਵਿਚ ਪ੍ਰਕਾਸ਼ਿਤ ਹੋਣ ਲਈ ਗੁਰਮੁਖੀ ਲਿਪੀ ਵਿਚ ਟਾਈਪ ਹੋਇਆ ਖੋਜ-ਪੱਤਰ ਈਮੇਲ sanvadpunjabi@gmail.com ਰਾਹੀਂ ਭੇਜਿਆ ਜਾ ਸਕਦਾ ਹੈ। ਇਹ ਮੌਲਿਕ ਖੋਜ-ਪੱਤਰ ਕਿਸੇ ਵੀ ਮੈਗਜ਼ੀਨ, ਪੁਸਤਕ, ਜਨਰਲ, ਕਾਨਫਰੰਸ ਪ੍ਰੋਸੀਡਿੰਗ ਜਾ ਕਿਤੇ ਹੋਰ ਪ੍ਰਕਾਸ਼ਿਤ ਹੋਇਆ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਕਿਤੇ ਪ੍ਰਕਾਸ਼ਨ ਲਈ ਭੇਜਿਆ ਗਿਆ ਹੋਵੇ।

ਅਦਬ ਸਹਿਤ ।

-ਸੰਪਾਦਕ